# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ-ਪ੍ਰੋਜੈਕਟ ਡਾਇਰੈਕਟਰ

## ਸਮੱਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਐੱਸ.ਏ.ਐੱਸ. ਨਗਰ (ਮੁਹਾਲੀ), ਪੰਜਾਬ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.)
ਪੰਜਾਬ।

ਪੱਤਰ ਨੰ. ਸਸਅ/ਐਚ.ਆਰ./2023/E-452351/2023239144 ਮਿਤੀ: 25.08.2023

**ਵਿਸ਼ਾ: epunjab_school login 'ਤੇ ਬੱਚਿਆਂ ਦੀ ਰੋਜ਼ਾਨਾ ਹਾਜ਼ਰੀ ਅਪਡੇਟ ਕਰਨ ਸੰਬੰਧੀ।**

ਹਵਾਲਾ:- ਪੰਜਾਬ ਸਰਕਾਰ, ਸਿੱਖਿਆ ਵਿਭਾਗ ਸਿੱਖਿਆ-7 ਸ਼ਾਖਾ ਦੇ ਪੱਤਰ ਮਿਤੀ 01.02.2023 ਦੇ ਸਬੰਧ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅੰਕਿਤ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਮਾਣਯੋਗ ਸੁਪਰੀਮ ਕੋਰਟ ਵੱਲੋਂ SMWP (C) No. 4/2020 and SMWP (C) No. 06/2021 ਵਿੱਚ ਮਿਤੀ 09.05.2022 ਨੂੰ ਹੁਕਮ ਕਰਦੇ ਹੋਏ NCPCR (National Commission for Protection of Child Rights) ਵੱਲੋਂ ਮਿਤੀ 25.06.2021 ਨੂੰ ਜਾਰੀ SOPs ਅਤੇ ਮਿਤੀ 07.05.2022 ਨੂੰ ਦਾਇਰ ਐਫੀਡੇਵਿਡ ਵਿੱਚ ਦਰਜ ਸੁਝਾਵਾਂ ਨੂੰ ਲਾਗੂ ਕਰਨ ਬਾਰੇ ਨਿਰਦੇਸ਼ ਦਿੱਤੇ ਗਏ ਸਨ, ਜਿਸ ਦੀ ਪਾਲਣਾ ਹਿੱਤ ਵਿਭਾਗ ਵੱਲੋਂ ਹਵਾਲਾ ਅੰਕਿਤ ਪੱਤਰ ਜਾਰੀ ਕੀਤਾ ਗਿਆ ਸੀ।

ਇਸ ਦੀ ਲਗਾਤਾਰਤਾ ਵਿੱਚ NCPCR ਦੇ ਸੁਝਾਵਾਂ ਦੇ ਲੜੀ ਨੰ. I ਅਤੇ II ਹੇਠ ਲਿਖੇ ਅਨੁਸਾਰ ਹਨ:-

I. That the District Education Officers (DEOs) of the district should do the mapping of such children who have been absent from his/her school for 30 consecutive working days and that those children should be treated as dropout children.

II. That a child of 6-14 years of age should be considered out of school if he/she has never been enrolled in an elementary school or if after enrolment has been absent from school without prior intimation for a period of 30 days or more.

3.0 ਮਾਣਯੋਗ ਸੁਪਰੀਮ ਕੋਰਟ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਹਿੱਤ ਵਿਦਿਆਰਥੀਆਂ ਦੀ ਲੰਮੀ ਗੈਰ-ਹਾਜ਼ਰੀ ਅਤੇ ਡਰਾਪਆਊਟ ਨੂੰ ਮੋਨੀਟਰ ਕਰਨ ਲਈ ਪ੍ਰੀ-ਪ੍ਰਾਇਮਰੀ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀ ਰੋਜ਼ਾਨਾ ਹਾਜ਼ਰੀ epunjab_school login ਤੇ student attendance ਲਿੰਕ ਰਾਹੀਂ ਲਗਾਉਣ ਲਈ ਆਪਣੇ ਅਧੀਨ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ।

4.0 ਸਕੂਲ/ਕਲੱਸਟਰ ਪੱਧਰ 'ਤੇ ਸਕੂਲ/ ਕਲੱਸਟਰ ਮੁਖੀ, ਬਲਾਕ ਪੱਧਰ 'ਤੇ ਬੀ.ਪੀ.ਈ.ਓ ਅਤੇ ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ) ਬੱਚਿਆਂ ਦੀ ਹਾਜ਼ਰੀ ਨੂੰ ਮੋਨੀਟਰ ਕਰਨਗੇ ਅਤੇ ਗੈਰ-ਹਾਜ਼ਰ/ਡਰਾਪ ਆਊਟ ਬੱਚਿਆਂ ਨੂੰ ਰਹਿੰਦੇ ਸਮੇਂ ਸਕੂਲ ਨਾਲ ਜੋੜਨ ਲਈ ਲੋੜੀਂਦੀ ਕਾਰਵਾਈ ਕਰਨ ਲਈ ਜ਼ਿੰਮੇਵਾਰ ਹੋਣਗੇ। ਰਾਜ ਪੱਧਰ 'ਤੇ ਐੱਮ.ਆਈ. ਐੱਸ. ਅਤੇ OoSC ਕੰਪੋਨੈਂਟ ਵੱਲੋਂ ਬੱਚਿਆਂ ਦੀ ਹਾਜ਼ਰੀ ਨੂੰ ਮੋਨੀਟਰ ਕੀਤਾ

ਜਾਵੇਗਾ। ਬਲਾਕ ਅਤੇ ਜ਼ਿਲ੍ਹਾ ਐੱਮ.ਆਈ.ਐੱਸ. ਕੋਆਰਡੀਨੇਟਰ ਇਸ ਸੰਬੰਧੀ ਬਣਦਾ ਸਹਿਯੋਗ ਕਰਨਗੇ।

5.0 ਸਮੂਹ ਜਿਲ੍ਹਿਆਂ ਦੇ ਉਪ-ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.)/ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਨੂੰ ਪਹਿਲਾ ਜਾਰੀ ਪੱਤਰ ਨੰ. ਸਸਅ/ਐੱਚ.ਆਰ./2022/93600 ਮਿਤੀ 21.07.2022 ਰਾਹੀਂ ਨੋਡਲ ਅਫਸਰ Out of School Children ਵੀ ਨਿਯੁਕਤ ਕੀਤਾ ਗਿਆ ਹੈ।

6.0 ਮਾਣਯੋਗ ਸੁਪਰੀਮ ਕੋਰਟ ਵੱਲੋਂ ਮਿਤੀ 09.05.2022 ਨੂੰ ਉਕਤ ਦਰਸਾਏ ਅਨੁਸਾਰ ਜਾਰੀ ਹੁਕਮਾਂ ਅਧੀਨ ਹਦਾਇਤਾਂ/ਨਿਰਦੇਸ਼ਾਂ ਦੀ ਕਾਪੀ ਆਪ ਦੀ ਜਾਣਕਾਰੀ ਅਤੇ ਪਾਲਣਾ ਹਿੱਤ ਨਾਲ ਨੱਥੀ ਹੈ।

**ਵਿਨੈ ਬੁਬਲਾਨੀ (ਆਈ.ਏ.ਐੱਸ)**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਪਿੱਠ ਅੰਕਣ ਨੰ:- ਉਕਤ ਮਿਤੀ:-25.08.2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਡੀ.ਜੀ.ਐੱਸ.ਈ. ਪੰਜਾਬ।
2. ਡਾਇਰੈਕਟਰ ਸਕੂਲ ਐਜੂਕੇਸ਼ਨ (ਐ.ਸਿੱ/ਸੈ.ਸਿੱ)
3. ਸਮੂਹ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਕਮ ਜ਼ਿਲ੍ਹਾ ਨੋਡਲ ਅਧਿਕਾਰੀ (OoSC)
4. ਡੀ.ਐੱਮ. (ਐੱਮ.ਆਈ.ਐੱਸ.)

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਮੱਗਰਾ ਸਿੱਖਿਆ ਅਭਿਆਨ, ਪੰਜਾਬ**